# NHS ਟੈਸਟ ਐਂਡ ਟ੍ਰੇਸ ਐਪ ਡਾਊਨਲੋਡ ਕਰਨ ਲਈ IOS ਗਾਈਡ

NHS
Test and Trace




ਆਪਣਾ ਫੋਨ ਅਨਲੱਕ ਕਰੋ। “ਐਪ ਸਟੋਰ” ਨਾਮਕ ਐਪ ਖੋਜਣ ਲਈ ਆਪਣੇ ਫੋਨ ਨੂੰ ਸਕ੍ਰੱਲ ਕਰੋ। ਐਪ ਉਪਰੋਕਤ ਤਸਵੀਰ ਵਰਗੀ ਲੱਗਦੀ ਹੈ। ਇਸਨੂੰ ਲਾਂਚ ਕਰਨ ਲਈ ਟੈਪ ਕਰੋ।




ਸਕ੍ਰੀਨ ਦੇ ਤਲ ‘ਤੇ “ਖੋਜੋ” ਆਇਕਨ ਦੇਖੋ ਅਤੇ ਇਸ ‘ਤੇ ਟੈਪ ਕਰੋ।




ਸਰਚ ਬਾਰ ‘ਤੇ ਟੈਪ ਕਰੋ। “NHS COVID-19” ਟਾਇਪ ਕਰੋ। ਤੁਸੀਂ ਹੁਣ ਹੇਠਾਂ ਬਾਕਸ ਵਿੱਚ ਨਤੀਜਿਆਂ ਦੀ ਇੱਕ ਸੂਚੀ ਦੇਖ ਸਕਦੇ ਹੋ। “NHSCOVID-19” ਨਾਮ ਨਾਲ ਨਤੀਜੇ ‘ਤੇ ਟੈਪ ਕਰੋ।




ਵੱਖ-ਵੱਖ COVID-19 ਐਪਸ ਦੇ ਨਤੀਜਿਆਂ ਦੀ ਇੱਕ ਸੂਚੀ ਹੋਵੇਗੀ। ਉਹ ਚੁਣੋ ਜੋ ਕਹਿੰਦੀ ਹੈ “NHSCOVID-19” ਅਤੇ ਇਸ ‘ਤੇ ਟੈਪ ਕਰੋ, ਫਿਰ “ਗੈਟ” ਬਟਨ ‘ਤੇ ਟੈਪ ਕਰੋ।




ਡਾਊਨਲੋਡ ਪੂਰਾ ਕਰਨ ਲਈ ਤੁਹਾਨੂੰ ਆਪਣਾ Apple ਆਈਡੀ ਵੇਰਵਾ ਟਾਇਪ ਕਰਨ ਜਾਂ ਆਪਣਾ ਫਿੰਗਰਪ੍ਰਿੰਟ ਜਾਂ ਫੇਸ ਵੇਰੀਫਿਕੇਸ਼ਨ ਵਰਤਣ ਲਈ ਕਿਹਾ ਜਾ ਸਕਦਾ ਹੈ ਜੇ ਤੁਸੀਂ ਇਹ ਸੈਟ ਅਪ ਕੀਤੇ ਹਨ।




ਜੇ ਇਹ ਕੰਮ ਨਹੀਂ ਕਰਦਾ, ਤਾਂ ਗਾਈਡੈਂਸ ਲਈ NHS ਟੈਸਟ ਐਂਡ ਟ੍ਰੇਸ ਵੈਬਸਾਈਟ **www.covid19.nhs.uk** ‘ਤੇ “ਟ੍ਰਬਲ-ਸ਼ੂਟਿੰਗ” ‘ਤੇ ਜਾਓ ਜੋ ਮਦਦ ਕਰੇਗਾ।




ਹੁਣ ਇਹ ਬਲੂਟੂਥ ਸਵਿੱਚ ਆੱਨ ਕਰਨ ਦਾ ਸਮਾਂ ਹੈ ਤਾਂ ਜੋ ਐਪ ਕੰਮ ਕਰ ਸਕੇ। ਅਜਿਹਾ ਕਰਨ ਲਈ, ਪਹਿਲਾਂ “ਸੈਟਿੰਗਾਂ” ਖੋਜੋ ਅਤੇ ਇਸ ‘ਤੇ ਟੈਪ ਕਰੋ।




ਤੁਸੀਂ ਹੁਣ “ਸੈਟਿੰਗਜ਼” ਵਿਚ ਹੋ। “ਬਲੂਟੂਥ” ਖੋਜਣ ਲਈ ਸੂਚੀ ਨੂੰ ਹੇਠਾਂ ਸਕ੍ਰੱਲ ਕਰੋ ਅਤੇ ਇਸ ‘ਤੇ ਟੈਪ ਕਰੋ।

# NHS ਟੈਸਟ ਐਂਡ ਟ੍ਰੇਸ ਐਪ ਡਾਊਨਲੋਡ ਕਰਨ ਲਈ IOS ਗਾਈਡ

NHS
Test and Trace




ਸੱਜੇ ਪਾਸੇ ਸਲਾਇਡਰ ‘ਤੇ ਟੈਪ ਕਰਕੇ ਬਲੂਟੂਥ ਸਵਿੱਚ ਆਨ ਕਰੋ।




ਆਪਣੇ ਫੋਨ ਦੀ ਹੋਮ-ਸਕ੍ਰੀਨ ‘ਤੇ ਵਾਪਸ ਜਾਣ ਲਈ ਆਪਣਾ ਹੋਮ ਬਟਨ ਦਬਾਓ ਜਾਂ ਸਵਾਇਪ ਅਪ ਕਰੋ ਜਿੱਥੇ ਤੁਸੀਂ ਆਪਣੀਆਂ ਸਾਰੀਆਂ ਐਪਸ ਦੇਖ ਸਕਦੇ ਹੋ। NHS ਟੈਸਟ ਐਂਡ ਟ੍ਰੇਸ ਐਪ ਖੋਜ ਕੇ ਇਸਨੂੰ ਲਾਂਚ ਕਰਨ ਲਈ ਇਸ ‘ਤੇ ਟੈਪ ਕਰੋ।




ਜਦੋਂ ਤੁਸੀਂ ਸੈਟ ਅਪ ਪੂਰਾ ਕਰਦੇ ਹੋ, ਤਾਂ ਤੁਹਾਡੀ NHS ਟੈਸਟ ਅਤੇ ਟ੍ਰੇਸ ਐਪ ਹੁਣ ਚੱਲ ਰਹੀ ਹੈ।




ਐਪ ਦੀ ਸੈਟਿੰਗ ਪੂਰੀ ਕਰਨ ਲਈ ਚਰਨਾਂ ਦੀ ਪਾਲਣਾ ਕਰੋ। ਇਸ ਵਿੱਚ “ਐਕਸਪੋਜ਼ਰ ਲੌਗਿੰਗ” ਦੀ ਇਜਾਜ਼ਤ ਦੇਣਾ ਸ਼ਾਮਲ ਹੈ ਜੋ ਇਹ ਪਹਿਚਾਣ ਕਰਨ ਲਈ ਵਰਤਿਆ ਜਾਂਦਾ ਹੈ ਕਿ ਤੁਸੀਂ ਖ਼ਤਰੇ ‘ਚ ਹੋ ਜਾਂ ਨਹੀਂ।




ਤੁਸੀਂ ਆਮ ਵਾਂਗ ਆਪਣਾ ਫੋਨ ਵਰਤ ਸਕਦੇ ਹੋ, ਹਾਲਾਂਕਿ ਇਹ ਯਕੀਨੀ ਬਣਾਓ ਕਿ ਐਪ ਬੈਕਗਰਾਊਂਡ ਵਿੱਚ ਚੱਲ ਰਹੀ ਹੈ ਅਤੇ ਬਲੂਟੂਥ ਚਾਲੂ ਹੈ। ਐਪ ਤੁਹਾਡਾ ਸਥਾਨ ਟ੍ਰੈਕ ਨਹੀਂ ਕਰੇਗੀ।